BC Centre for Disease Control
AN AGENCY OF THE PROVINCIAL HEALTH SERVICES AUTHORITY

# ਇਥੈਂਬਿਊਟੌਲ (ETHAMBUTOL)

## ਇਥੈਂਬਿਊਟੌਲ ਕੀ ਹੈ?

ਇਥੈਂਬਿਊਟੌਲ ਇੱਕ ਐਂਟੀਬਾਇਓਟਿਕ (ਰੋਗਾਣੂਨਾਸ਼ਕ ਦਵਾਈ) ਹੈ ਜਿਸਦੀ ਵਰਤੋਂ ਤਪਦਿਕ (ਟੀ.ਬੀ.) ਅਤੇ ਕਦੇ ਕਦੇ ਦੂਸਰੀਆਂ ਸਬੰਧਤ ਇਨਫੈਕਸ਼ਨਾਂ ਦੇ ਇਲਾਜ ਲਈ ਕੀਤੀ ਜਾਂਦੀ ਹੈ।

## ਮੈਨੂੰ ਇਹ ਦਵਾਈ ਕਦੋਂ ਲੈਣੀ ਚਾਹੀਦੀ ਹੈ?

- ਇਸ ਨੂੰ ਖ਼ਾਲੀ ਪੇਟ ਲਓ (ਖਾਣੇ ਤੋਂ 1 ਘੰਟਾ ਪਹਿਲਾਂ ਜਾਂ 2 ਘੰਟੇ ਬਾਅਦ)।
- ਇਹ ਦਵਾਈ ਹਰ ਰੋਜ਼ ਇੱਕੋ ਸਮੇਂ 'ਤੇ ਲਓ।

  ਅਜਿਹਾ ਕਰਨ ਨਾਲ ਤੁਹਾਨੂੰ ਦਵਾਈ ਲੈਣੀ ਯਾਦ ਰਹੇਗੀ।

## ਮੈਨੂੰ ਇਹ ਦਵਾਈ ਕਿਵੇਂ ਲੈਣੀ ਚਾਹੀਦੀ ਹੈ?

- ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਇਸ ਦਵਾਈ ਨੂੰ ਨੇਮਬੱਧ ਢੰਗ ਨਾਲ ਲਓ।
- ਆਪਣੇ ਡਾਕਟਰ ਦੇ ਨਿਰਦੇਸ਼ ਅਨੁਸਾਰ ਦਵਾਈ ਲਓ।
- ਤੁਸੀਂ ਇਹ ਦਵਾਈ ਲੈਣੀ ਹੈ:
  - ☐ ਦੋ ਗੋਲ਼ੀਆਂ ਹਰ ਰੋਜ਼ ਦਿਨ ਵਿੱਚ ਇੱਕੋ ਸਮੇਂ 'ਤੇ।
  - ☐ ਹੋਰ:______________________________

## ਜੇ ਮੈਂ ਦਵਾਈ ਦੀ ਕੋਈ ਖ਼ੁਰਾਕ ਲੈਣੀ ਭੁੱਲ ਜਾਵਾਂ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

- ਜੇ ਤੁਸੀਂ ਦਵਾਈ ਦੀ ਕੋਈ ਖ਼ੁਰਾਕ ਲੈਣੀ ਭੁੱਲ ਜਾਂਦੇ ਹੋ, ਯਾਦ ਆਉਣ 'ਤੇ ਤੁਰੰਤ ਉਹ ਖ਼ੁਰਾਕ ਲੈ ਲਓ। ਪਰ ਜੇ ਅਗਲੇ ਦਿਨ ਦੀ ਖ਼ੁਰਾਕ ਦਾ ਸਮਾਂ ਹੋਣ ਵਾਲਾ ਹੈ, ਭੁੱਲੀ ਹੋਈ ਖ਼ੁਰਾਕ ਨੂੰ ਨਾ ਲਓ।
- ਦੁਗਣੀ ਖ਼ੁਰਾਕ ਨਾ ਲਓ।

## ਇਹ ਦਵਾਈ ਲੈਂਦੇ ਹੋਏ ਕੀ ਮੈਨੂੰ ਕੋਈ ਪਰਹੇਜ਼ ਕਰਨਾ ਚਾਹੀਦਾ ਹੈ?

✘ ਐਂਟਾਸਿਡ (ਖਟਿਆਈਮਾਰ ਦਵਾਈ)

ਇਸ ਦਵਾਈ ਤੋਂ ਘੱਟੋ ਘੱਟ 2 ਘੰਟੇ ਦਾ ਵਕਫ਼ਾ ਰੱਖੋ।

ਜੇ ਤੁਸੀਂ ਕਾਉਂਟਰ ਤੋਂ ਮਿਲਣ ਵਾਲੇ ਪ੍ਰੌਡਕਟਸ (ਜਿਨ੍ਹਾਂ ਲਈ ਡਾਕਟਰੀ ਨਿਰਦੇਸ਼ ਦੀ ਲੋੜ ਨਹੀਂ ਹੁੰਦੀ) ਸਮੇਤ ਕੋਈ ਹੋਰ ਦਵਾਈਆਂ ਲੈ ਰਹੇ ਹੋ, ਉਨ੍ਹਾਂ ਬਾਰੇ ਆਪਣੇ ਡਾਕਟਰ ਅਤੇ ਫ਼ਾਰਮਾਸਿਸਟ (ਦਵਾਸਾਜ) ਨੂੰ ਦੱਸੋ।

## ਇਨ੍ਹਾਂ ਦਵਾਈਆਂ ਦੇ ਕੁੱਝ ਸੰਭਾਵੀ ਮਾੜੇ ਪ੍ਰਭਾਵ ਕੀ ਹਨ?

ਜੇ ਤੁਹਾਨੂੰ ਹੇਠ ਲਿਖੇ ਲੱਛਣ ਅਨੁਭਵ ਹੁੰਦੇ ਹਨ, ਇਹ ਦਵਾਈ ਲੈਣੀ ਬੰਦ ਕਰ ਦਿਓ ਅਤੇ ਇਨ੍ਹਾਂ ਦੀ ਰਿਪੋਰਟ ਤੁਰੰਤ ਆਪਣੇ ਡਾਕਟਰ ਨੂੰ ਦਿਓ ਜਾਂ ਵੈਨਕੂਵਰ ਟੀ.ਬੀ. ਕੰਟ੍ਰੋਲ ਕਲੀਨਿਕ ਨੂੰ (604) 707-2692 'ਤੇ ਇਸ ਦੀ ਇਤਲਾਹ ਦਿਓ:

- ਨਿਗਾਹ ਵਿੱਚ ਤਬਦੀਲੀਆਂ ਜਾਂ ਧੁੰਦਲਾ ਦਿਖਾਈ ਦੇਣਾ
- ਲਾਲ ਅਤੇ ਹਰੇ ਰੰਗਾਂ ਵਿੱਚ ਫ਼ਰਕ ਪਛਾਣਨ ਵਿੱਚ ਮੁਸ਼ਕਲ ਹੋਣੀ

ਇਹ ਜ਼ਰੂਰੀ ਹੈ ਕਿ ਤੁਸੀਂ ਆਪਣੇ ਡਾਕਟਰ ਵੱਲੋਂ ਦੱਸੇ ਗਏ ਸਾਰੇ ਲੈਬ ਅਤੇ ਨਿਗਾਹ ਦੇ ਟੈਸਟ ਕਰਵਾਓ। ਕਹੇ ਮੁਤਾਬਕ ਟੀ.ਬੀ. ਕੰਟ੍ਰੋਲ ਕਲੀਨਿਕ ਵਿੱਚ ਜਾਓ।

ਜੇ ਤੁਸੀਂ ਗਰਭਵਤੀ ਹੋ, ਗਰਭ ਧਾਰਨ ਕਰਨ ਦੀ ਯੋਜਨਾ ਬਣਾ ਰਹੇ ਹੋ ਜਾਂ ਆਪਣੇ ਬੱਚੇ ਨੂੰ ਆਪਣਾ ਦੁੱਧ ਪਿਲਾਉਣ ਦੀ ਇੱਛਾ ਰੱਖਦੇ ਹੋ ਤਾਂ ਇਸ ਬਾਰੇ ਆਪਣੇ ਡਾਕਟਰ ਨੂੰ ਦੱਸੋ।

## ਮੈਨੂੰ ਇਹ ਦਵਾਈ ਕਿੱਥੇ ਰੱਖਣੀ ਚਾਹੀਦੀ ਹੈ?

- ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ
- ਰੋਸ਼ਨੀ ਤੋਂ ਬਚਾਓ
- ਗੋਲ਼ੀਆਂ: ਕਮਰੇ ਦੇ ਤਾਪਮਾਨ 'ਤੇ ਠੰਡੇ, ਖੁਸ਼ਕ ਵਾਤਾਵਰਨ ਵਿੱਚ ਰੱਖੋ।
- ਤਰਦੇ ਪਦਾਰਥ। ਫ਼ਰਿੱਜ ਵਿੱਚ ਰੱਖੋ। ਵਰਤੋਂ ਕਰਨ ਤੋਂ ਪਹਿਲਾਂ ਚੰਗੀ ਤਰ੍ਹਾਂ ਹਿਲਾਓ।

**ਜੇ ਮੇਰੇ ਕੋਈ ਹੋਰ ਸਵਾਲ ਹੋਣ ਤਾਂ ਮੈਂ ਕਿੱਥੇ ਫ਼ੋਨ ਕਰਾਂ?**

ਵੈਨਕੂਵਰ ਟੀ.ਬੀ. ਕੰਟ੍ਰੋਲ ਕਲੀਨਿਕ: (604) 707 - 2692

Vaccine and Pharmacy Services
655 West 12th Avenue
Vancouver, British Columbia
Canada V5Z 4R4

Tel 604 707 2580
Fax 604 707 2583
www.bccdc.ca